# ਜਾਤੀਗਤ ਬਰਾਬਰੀ ਨੂੰ ਪ੍ਰੋਤਸਾਹਤ ਕਰਨ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਅ

## ਨਿਰਮਾਣ ਉਦਯੋਗ ਪਰਿਸ਼ਦ

ਨਿਰਮਾਣ ਉਦਯੋਗ ਪਰਿਸ਼ਦ (ਜਿਸ ਨੂੰ ਨੀਚੇ "CIC" ਕਿਹਾ ਗਿਆ ਹੈ) ਦੇ ਮੁੱਖ ਕਾਰਜ ਲੰਬੀ-ਮਿਆਦ ਦੀਆਂ ਰਣਨੀਤਕ ਸਮੱਸਿਆਵਾਂ ਦੇ ਲਈ ਸੰਮਤੀ ਬਣਾਉਣਾ, ਸਰਕਾਰ ਨੂੰ ਉਦਯੋਗ ਦੀਆਂ ਲੋੜਾਂ ਅਤੇ ਇੱਛਾਵਾਂ ਦੇ ਬਾਰੇ ਦੱਸਣਾ, ਅਤੇ ਨਾਲ ਹੀ ਸਰਕਾਰ ਦੇ ਲਈ ਇੱਕ ਸੂਚਨਾ ਚੈਨਲ ਮੁਹੱਈਆ ਕਰਨਾ ਹੈ ਤਾਂ ਜੋ ਸਾਰੇ ਨਿਰਮਾਣ-ਸੰਬੰਧਤ ਮਸਲਿਆਂ ਤੇ ਸਲਾਹ ਮੰਗੀ ਜਾ ਸਕੇ। ਪੂਰੇ ਉਦਯੋਗ ਵਿੱਚ ਸੁਧਾਰ ਕਰਨ ਦੇ ਲਈ, CIC ਅਚਾਰ ਸੰਹਿਤਾਵਾਂ ਨੂੰ ਬਣਾਉਣ ਲਈ, ਪੰਜੀਕਰਨ ਅਤੇ ਰੇਟਿੰਗ ਸਕੀਮਾਂ ਦਾ ਪ੍ਰਬੰਧ ਕਰਨ ਲਈ, ਅਗੇਰੀ ਖੋਜ ਅਤੇ ਮਾਨਵ-ਸ਼ਕਤੀ ਵਿਕਾਸ ਦਾ ਮਾਰਗਦਰਸ਼ਨ ਕਰਨ ਲਈ, ਨਿਰਮਾਣ ਮਾਪਦੰਡਾਂ ਦੇ ਅਪਣਾਉਣ ਨੂੰ ਸੁਵਿਧਾਜਨਕ ਬਣਾਉਣ ਲਈ, ਚੰਗੇ ਅਭਿਆਸਾਂ ਦਾ ਪ੍ਰਚਾਰ ਕਰਨ ਲਈ ਅਤੇ ਪ੍ਰਦਰਸ਼ਨ ਸੰਕੇਤਕਾਂ ਨੂੰ ਇਕੱਠਾ ਕਰਨ ਲਈ ਸਮਰੱਥ ਹੈ।

CIC ਨੇ ਸਲਾਨਾ ਫੁੱਲ-ਟਾਈਮ ਪ੍ਰੋਗ੍ਰਾਮਾਂ, ਪਾਰਟ-ਟਾਈਮ ਪ੍ਰੋਗ੍ਰਾਮਾਂ ਅਤੇ ਸਹਿਯੋਗਪੂਰਨ ਸਿਖਲਾਈ ਸਕੀਮਾਂ ਦੇ ਰਾਹੀਂ ਭਾਂਤ-ਭਾਂਤ ਦੀਆਂ ਜਾਤੀਆਂ ਦੇ ਕਰਮਚਾਰੀਆਂ ਦੇ ਸਮੇਤ ਲਗਭਗ 80 000 ਨਿਰਮਾਣ ਪੇਸ਼ੇਵਰਾਂ ਨੂੰ ਸਿਖਲਾਈ ਦਿੱਤੀ ਹੈ। ਨਾਲ ਹੀ, CIC ਨਿਰਮਾਣ ਪੇਸ਼ੇਵਰਾਂ ਨੂੰ ਟ੍ਰੇਡ ਜਾਂਚਾਂ ਵੀ ਮੁਹੱਈਆ ਕਰਦਾ ਹੈ (ਸਿਵਿਲ ਅਤੇ ਇਮਾਰਤ ਨਿਰਮਾਣ ਟ੍ਰੇਡ ਜਾਂਚਾਂ, ਨਿਰਮਾਣ-ਸੰਬੰਧਤ ਇਲੈੱਕਟ੍ਰੀਕਲ ਅਤੇ ਮਿਕੈਨੀਕਲ ਟ੍ਰੇਡ ਜਾਂਚਾਂ ਅਤੇ ਮਸ਼ੀਨਾਂ ਅਤੇ ਕ੍ਰੇਨ ਸੰਚਾਲਨਾਂ ਦੀ ਪ੍ਰਮਾਣੀਕਰਨ ਜਾਂਚਾਂ ਦੇ ਸਮੇਤ) ।

ਸੰਬੰਧਤ ਸੇਵਾਵਾਂ

- CIC ਇੱਕ ਅਜਿਹਾ ਕਾਰਜ-ਖੇਤਰ ਅਤੇ ਰਹਿਣਯੋਗ ਵਾਤਾਵਰਨ ਬਣਾਉਣ ਲਈ ਵਚਨਬੱਧ ਹੈ ਜੋ ਬਰਾਬਰ ਅਵਸਰ ਮੁਹੱਈਆ ਕਰਦਾ ਹੋਵੇ, ਅਤੇ ਆਪਣੇ ਸਾਰੇ ਕਰਮਚਾਰੀਆਂ, ਸਿੱਖਿਆਰਥੀਆਂ, ਮਿਲਣ ਵਾਲਿਆਂ ਅਤੇ ਜਨਤਾ ਦੇ ਲਈ ਕਿਸੇ ਵੀ ਭੇਦਭਾਵ, ਕਸ਼ਟ ਅਤੇ ਬੇਇਜ਼ਤੀ ਤੋਂ ਮੁਕਤ ਹੋਵੇ।
- ਨਿਰਮਾਣ ਉਦਯੋਗ ਪਰਿਸ਼ਦ ਅਧਿਆਦੇਸ਼ ਦੇ ਖੰਡ 29 ਦੇ ਤਹਿਤ, CIC ਨੇ ਨਿਰਮਾਣ ਉਦਯੋਗ ਦੇ ਲਈ ਸਿਖਲਾਈ ਪਾਠਕ੍ਰਮ ਅਤੇ ਟ੍ਰੇਡ ਜਾਂਚ ਸੇਵਾਵਾਂ ਮੁਹੱਈਆ ਕਰਨ ਦੇ ਲਈ "ਨਿਰਮਾਣ ਉਦਯੋਗ ਸਿਖਲਾਈ ਬੋਰਡ" ਨੂੰ ਸਥਾਪਤ ਕੀਤਾ।

ਮੌਜੂਦਾ ਉਪਾਅ

<u>ਨੀਤੀ</u>

- CIC ਨੇ ਆਪਣੀ ਬਰਾਬਰ ਅਵਸਰ ਨੀਤੀ ਨੂੰ ਵਿਕਸਿਤ ਕੀਤਾ ਤਾਂ ਜੋ ਇਹ ਯਕੀਨੀ ਕੀਤਾ ਜਾ ਸਕੇ ਕਿ ਸਾਰੇ ਕਰਮਚਾਰੀ CIC ਦੇ ਕਿਸੇ ਹੋਰ ਕਰਮਚਾਰੀ, ਵਿਦਿਆਰਥੀਆਂ, ਮਿਲਣ ਵਾਲਿਆਂ,

ਜਾਂ ਕਿਸੇ CIC ਸੇਵਾ ਉਪਭੋਗਤਾਵਾਂ ਦੇ ਨਾਲ ਭੇਦਭਾਵ, ਉਹਨਾਂ ਨੂੰ ਦੁਖੀ ਜਾਂ ਉਹਨਾਂ ਦੀ ਬੇਇਜ਼ਤੀ ਨਹੀਂ ਕਰਦੇ। ਇਸ ਬਰਾਬਰ ਅਵਸਰ ਨੀਤੀ ਦਾ ਪ੍ਰਚਾਰ CIC ਵੱਲੋਂ ਕੀਤਾ ਗਿਆ ਸੀ ਅਤੇ ਇਸ ਨੂੰ CIC ਦੇ ਪੂਰੇ ਸਟਾਫ ਨੂੰ ਜਾਰੀ ਕੀਤਾ ਗਿਆ ਸੀ।

<u>ਸਟਾਫ ਸਿਖਲਾਈ</u>

- CIC ਆਪਣੀ ਬਰਾਬਰ ਅਵਸਰ ਨੀਤੀ ਦਾ ਪਾਲਣ ਕਰਨ ਦੇ ਲਈ ਦੋਨਾਂ ਫ੍ਰੰਟ ਲਾਈਨ ਸਟਾਫ ਅਤੇ ਪ੍ਰਬੰਧਕੀ ਸਟਾਫ ਨੂੰ ਬਰਾਬਰ ਅਵਸਰਾਂ ਦੇ ਸੰਬੰਧ ਵਿੱਚ ਨਿਯਮਤ ਸਿਖਲਾਈ ਪਾਠਕ੍ਰਮਾਂ ਦਾ ਪ੍ਰਬੰਧ ਕਰਦਾ ਹੈ। ਬਰਾਬਰ ਅਵਸਰ ਕਮਿਸ਼ਨ (EOC) ਦੇ ਪ੍ਰਤੀਨਿੱਧ CIC ਦੇ ਸਟਾਫ ਦੇ ਨਾਲ ਕਾਰੋਬਾਰੀ ਸਿਖਲਾਈ ਦੇ ਨਾਲ ਸੰਬੰਧਤ ਖੇਤਰਾਂ 'ਤੇ ਕੇਂਦਰਤ ਜਾਤੀਗਤ ਭੇਦਭਾਵ ਅਧਿਆਦੇਸ਼ ਨੂੰ ਸਾਂਝਾ ਕਰਣਗੇ।

<u>ਭਾਂਤ-ਭਾਂਤ ਦੀਆਂ ਜਾਤੀਆਂ ਦੇ ਲੋਕਾਂ ਲਈ ਸਿਖਲਾਈ ਅਤੇ ਟ੍ਰੇਡ ਜਾਂਚ ਸੇਵਾਵਾਂ</u>

- CIC ਵਰਤਮਾਨ ਵਿੱਚ ਅੰਗ੍ਰੇਜ਼ੀ ਭਾਸ਼ਾ ਵਿੱਚ 3 ਫੁੱਲ-ਟਾਈਮ ਛੋਟੇ ਪਾਠਕ੍ਰਮ ਪ੍ਰਦਾਨ ਕਰਦਾ ਹੈ ਤਾਂ ਜੋ ਨਿਰਮਾਣ ਉਦਯੋਗ ਵਿੱਚ ਕਰੀਅਰ ਬਣਾਉਣ ਦੇ ਇੱਛਤ ਸਿੱਖਿਆਰਥੀਆਂ ਨੂੰ ਵਿਸ਼ੇਸ਼ ਕਾਰੀਗਰੀ ਕੌਸ਼ਲ ਦੇ ਨਾਲ ਲੈਸ ਕਰ ਸਕਣ। ਵਿਦਿਆਰਥੀਆਂ ਨੂੰ ਸਿਖਲਾਈ ਦੇ ਦੌਰਾਨ ਰੋਜ਼ਾਨਾ ਭੱਤੇ ਦਿੱਤੇ ਜਾਣਗੇ। ਸੇਵਾਵਾਂ ਵਿੱਚ ਹੋਰ ਵਾਧਾ ਕਰਨ ਦੇ ਲਈ, CIC ਸਿਖਲਾਈ ਪਾਠਕ੍ਰਮਾਂ ਦੇ ਵਿਤਰਨ ਵਿੱਚ ਸਹਾਇਤਾ ਕਰਨ ਲਈ ਵਾਧੂ ਅਨੁਵਾਦਕਾਂ ਨੂੰ ਨਿਯੁਕਤ ਕਰੇਗੀ।
- CIC ਵਰਤਮਾਨ ਵਿੱਚ ਅੰਗ੍ਰੇਜ਼ੀ ਭਾਸ਼ਾ ਵਿੱਚ 28 ਪਾਰਟ-ਟਾਈਮ ਸੁਰੱਖਿਆ ਸੰਬੰਧੀ ਪਾਠਕ੍ਰਮ ਪ੍ਰਦਾਨ ਕਰਦਾ ਹੈ, ਤਾਂ ਜੋ ਚੀਨੀ ਭਾਸ਼ਾ ਨਾ ਬੋਲਣ ਵਾਲੇ ਸੇਵਾ ਵਿੱਚ ਨਿਯੁਕਤ ਨਿਰਮਾਣ ਪੇਸ਼ੇਵਰਾਂ ਵਿੱਚ ਸੁਰੱਖਿਆ ਦੀ ਜਾਗਰੁਕਤਾ ਨੂੰ ਵਧਾਇਆ ਜਾ ਸਕੇ।
- CIC ਨੇ 2015 ਵਿੱਚ ਪੰਜੀਕ੍ਰਿਤ ਸਾਧਾਰਨ ਕਰਮਚਾਰੀਆਂ ਨੂੰ ਸੰਬੰਧਤ ਟ੍ਰੇਡਾਂ ਦੇ ਲਈ ਪੰਜੀਕ੍ਰਿਤ ਅਰਧ-ਕੌਸ਼ਲ ਕਰਮਚਾਰੀ ਬਣਾਉਣ ਦੇ ਲਈ "ਨਸਲੀ ਘੱਟ-ਸੰਖਿਅਕਾਂ ਦੇ ਲਈ ਕੌਸ਼ਲ ਵਾਧਾ ਪਾਠਕ੍ਰਮ" ਦੇ ਤਹਿਤ 5 ਪਾਰਟ-ਟਾਈਮ ਪਾਠਕ੍ਰਮਾਂ ਦੀ ਸ਼ੁਰੂਆਤ ਕੀਤੀ।
- ਜ਼ਿਆਦਾਤਰ ਟ੍ਰੇਡ ਜਾਂਚਾਂ ਅਤੇ ਮਸ਼ੀਨਾਂ ਅਤੇ ਕ੍ਰੇਨ ਸੰਚਾਲਨ ਦੇ ਲਈ ਪ੍ਰਮਾਣੀਕਰਨ ਜਾਂਚਾਂ ਦੇ ਲਈ ਅੰਗ੍ਰੇਜ਼ੀ ਦੇ ਟੈਸਟ ਪੇਪਰ ਉਪਲਬਧ ਹਨ। CIC ਜਾਂਚ ਦੇ ਦੌਰਾਨ ਉਮੀਦਵਾਰਾਂ ਨੂੰ

ਅਨੁਵਾਦਕਾਂ (CIC ਵੱਲੋਂ ਪ੍ਰਬੰਧਤ) ਦੇ ਨਾਲ ਜਾਣ ਦੀ ਆਗਿਆ ਵੀ ਦਿੰਦਾ ਹੈ।

<u>ਪ੍ਰਚਾਰਕ ਗਤੀਵਿਧੀਆਂ</u>

- CIC ਆਯੋਜਤ ਕੀਤੇ ਸਿਖਲਾਈ ਪਾਠਕ੍ਰਮਾਂ ਅਤੇ ਟ੍ਰੇਡ ਜਾਂਚਾਂ ਵਿੱਚ ਭਾਗ ਲੈਣ ਦੇ ਲਈ ਭਾਂਤ-ਭਾਂਤ ਦੀਆਂ ਜਾਤੀਆਂ ਦੇ ਲੋਕਾਂ ਨੂੰ ਆਕਰਸ਼ਿਤ ਕਰਨ ਦੇ ਲਈ ਹੇਠ ਲਿਖੀਆਂ ਪ੍ਰਚਾਰਕ ਗਤੀਵਿਧੀਆਂ ਦਾ ਸੰਚਾਲਨ ਕਰਦਾ ਹੈ:
  - ਸੇਵਾ ਵਿੱਚ ਨਿਯੁਕਤ ਭਾਂਤ-ਭਾਂਤ ਦੀਆਂ ਜਾਤੀਆਂ ਦੇ ਪੇਸ਼ੇਵਰਾਂ ਦੇ ਨਾਲ ਨਿਯਮਤ ਵਿਜਿਟਾਂ;
  - ਭਾਂਤ-ਭਾਂਤ ਦੀਆਂ ਜਾਤੀਆਂ ਦੇ ਲੋਕਾਂ ਦੀ ਸੇਵਾ ਕਰਨ ਵਾਲੀਆਂ ਸੰਸਥਾਵਾਂ ਅਤੇ ਉਹਨਾਂ ਦੇ ਨਿਰੰਤਰ ਸੰਪਰਕ ਵਿੱਚ ਰਹਿਣ ਵਾਲੇ ਮੀਡਿਆ ਚੈਨਲਾਂ ਦੇ ਰਾਹੀਂ ਨਸਲੀ ਘੱਟ ਸੰਖਿਅਕਾਂ ਦੇ ਲਈ ਸਹਾਇਕ ਗਤੀਵਿਧੀਆਂ; ਅਤੇ
  - ਨਿਰਮਾਣ ਉਦਯੋਗ ਦੇ ਪ੍ਰਤੀ ਭਾਂਤ-ਭਾਂਤ ਦੀਆਂ ਜਾਤੀਆਂ ਦੇ ਲੋਕਾਂ ਦੀ ਸਮਝ ਵਧਾਉਣ ਦੇ ਲਈ ਅਨੁਭਵ ਕਾਰਜਕ੍ਰਮ, ਜਿਵੇਂ ਕਿ ਕਰੀਅਰ ਗੱਲ੍ਹ-ਬਾਤ, ਕਾਰਨੀਵਲ ਅਤੇ ਨੌਕਰੀ ਸੁਮੇਲ ਦੇ ਆਯੋਜਨ ਅਤੇ ਪਰਿਵਾਰ ਦੇ ਮਨੋਰੰਜਨ ਦੇ ਦਿਨ;
- CIC ਨੇ ਲਿਬਰਲ ਸਟਡੀਜ਼ ਦੇ ਲਈ ਅੰਗ੍ਰੇਜ਼ੀ ਸਿੱਖਿਅਕ ਸਮੱਗਰੀ ਵਿਕਸਿਤ ਕੀਤੀ। CIC ਨਸਲੀ ਘੱਟ ਸੰਖਿਅਕ ਸਮੂਹ ਦੀ ਸੇਵਾ ਕਰਨ ਵਾਲੇ ਸੰਬੰਧਤ ਸਕੈਂਡਰੀ ਸਕੂਲਾਂ ਅਤੇ ਗੈਰ-ਸਰਕਾਰੀ ਸੰਗਠਨਾਂ ਦੇ ਨਾਲ ਸਹਿਯੋਗ ਕਰਦਾ ਹੈ ਤਾਂ ਜੋ ਭਾਂਤ-ਭਾਂਤ ਦੀਆਂ ਜਾਤੀਆਂ ਦੇ ਲੋਕਾਂ ਦੇ ਵਿਦਿਆਰਥੀਆਂ ਨੂੰ ਨਿਰਮਾਣ ਉਦਯੋਗ ਦੀ ਵੱਧ ਡੂੰਘੀ ਸਮਝ ਹੋਵੇ।

<u>ਨਸਲੀ ਘੱਟ ਸੰਖਿਅਕ ਸੇਵਾ ਦਲ</u>

- ਭਾਂਤ-ਭਾਂਤ ਦੀਆਂ ਜਾਤੀਆਂ ਲੋਕਾਂ ਪੇਸ਼ੇਵਰਾਂ ਜੀ ਵੱਧਦੀ ਸੰਖਿਆ ਨੂੰ ਦੇਖਦੇ ਹੋਏ, CIC ਨੇ ਭਾਂਤ-ਭਾਂਤ ਦੀਆਂ ਜਾਤੀਆਂ ਦੇ ਲੋਕਾਂ ਦੇ ਲਈ ਆਪਣੀਆਂ ਸੇਵਾਵਾਂ ਅਤੇ ਸਮਰਥਨ ਨੂੰ ਵਧਾਉਣ ਦੇ ਲਈ ਨਸਲੀ ਘੱਟ ਸੰਖਿਅਕ ਸੇਵਾ ਦਲ ਦੀ ਸਥਾਪਨਾ ਕੀਤੀ ਜਿਸ ਵਿੱਚ ਹੇਠ ਲਿਖੇ ਸ਼ਾਮਲ ਹਨ:
  - CIC ਸੇਵਾਵਾਂ ਨੂੰ ਹੱਲਾ-ਸ਼ੇਰੀ ਦੇਣ ਦੇ ਲਈ ਸੰਬੰਧਤ ਸੰਗਠਨਾਂ ਅਤੇ ਸਮੁਦਾਵਾਂ ਦਾ ਨਿਯਮਤ ਦੌਰਾ ਕਰਨਾ;
  - ਭਾਂਤ-ਭਾਂਤ ਦੀਆਂ ਜਾਤੀਆਂ ਦੇ ਲੋਕਾਂ ਵੱਲੋਂ ਵਰਤੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਟ੍ਰੇਡ ਜਾਂਚ ਦੇ ਮੌਕ ਟੈਸਟ ਪੇਪਰ ਦਾ ਅਨੁਵਾਦ ਕਰਨਾ;

- ➢ ਉਮੀਦਵਾਰਾਂ ਅਤੇ ਵਿਦਿਆਰਥੀਆਂ ਨੂੰ ਵਿਆਖਿਆ ਅਤੇ ਅਨੁਵਾਦ ਸੇਵਾਵਾਂ ਪ੍ਰਦਾਨ ਕਰਨਾ; ਅਤੇ
- ➢ CIC ਸੇਵਾਵਾਂ ਨੂੰ ਹੱਲਾ-ਸ਼ੇਰੀ ਦੇਣ ਦੇ ਲਈ ਗਤੀਵਿਧੀਆਂ ਨੂੰ ਆਯੋਜਤ ਕਰਨਾ ਅਤੇ ਇਹਨਾਂ ਵਿੱਚ ਭਾਗੀਦਾਰੀ ਕਰਨਾ।

ਭਵਿੱਖ ਦੇ ਕੰਮ ਦਾ ਮੁਲਾਂਕਣ

- CIC ਹਰੇਕ ਸਾਲ ਆਪਣੀ ਬਰਾਬਰ ਅਵਸਰ ਨੀਤੀ ਦੀ ਸਮੀਖਿਆ ਕਰਦਾ ਹੈ।
- CIC ਆਪਣੇ ਸਟਾਫ ਅਤੇ ਵਿਦਿਆਰਥੀਆਂ ਨੂੰ ਜਾਤੀਗਤ ਬਰਾਬਰੀ ਦੇ ਸੰਬੰਧ ਵਿੱਚ ਉਹਨਾਂ ਦੀ ਜਾਗਰੁਕਤਾ ਅਤੇ ਸੰਵੇਦਨਸ਼ੀਲਤਾ ਵਧਾਉਣ ਦੇ ਲਈ ਉਹਨਾਂ ਨੂੰ ਸਭ ਤੋਂ ਨਵੀਨਤਮ ਜਾਣਕਾਰੀ ਮੁਹੱਈਆ ਕਰਨਾ ਜਾਰੀ ਰੱਖੇਗਾ।
- CIC ਉੱਪਰ ਦਿੱਤੇ ਪਾਠਕ੍ਰਮਾਂ ਦੀ ਮੰਗ ਅਤੇ ਪ੍ਰਭਾਵਸ਼ੀਲਤਾ ਨੂੰ ਨਿਰੀਖਣ ਅਧੀਨ ਰੱਖੇਗਾ।
- CIC ਨਿਰਮਾਣ ਸਿਖਲਾਈ ਅਤੇ ਟ੍ਰੇਡ ਜਾਂਚ ਦੇ ਸੰਬੰਧ ਵਿੱਚ ਮੌਜੂਦਾ ਉਪਾਵਾਂ ਅਤੇ ਸਮਰਥਨ ਸੇਵਾਵਾਂ ਦੇ ਸੰਬੰਧ ਵਿੱਚ ਭਾਂਤ-ਭਾਂਤ ਦੀਆਂ ਜਾਤੀਆਂ ਦੇ ਸਮੂਹਾਂ ਤੋਂ ਰਾਏ ਲੈਣਾ ਜਾਰੀ ਰੱਖੇਗਾ, ਅਤੇ ਉਹਨਾਂ ਦੀਆਂ ਲੋੜਾਂ ਦੇ ਜਵਾਬ ਵਿੱਚ ਪਾਠਕ੍ਰਮ ਅਤੇ ਸੇਵਾਵਾਂ ਵਿਕਸਿਤ ਕਰੇਗਾ।

ਲਿੱਤੇ ਗਏ/ਲਿੱਤੇ ਜਾਣ ਵਾਲੇ ਵਾਧੂ ਉਪਾਅ

<u>ਪਾਠਕ੍ਰਮਾਂ ਅਤੇ ਟ੍ਰੇਡ ਜਾਂਚਾਂ ਦੇ ਨਿਯਮ</u>

- CIC ਭਵਿੱਖ ਵਿੱਚ ਮੰਗ ਖੜੀ ਹੋਣ 'ਤੇ ਅੰਗ੍ਰੇਜ਼ੀ ਭਾਸ਼ਾ ਵਿੱਚ ਹੋਰ ਉਚਿਤ ਪਾਠਕ੍ਰਮਾਂ ਅਤੇ ਟ੍ਰੇਡ ਜਾਂਚਾਂ ਦੀ ਪੇਸ਼ਕਸ਼ ਕਰਨ 'ਤੇ ਵਿਚਾਰ ਕਰੇਗਾ।

<u>ਭਾਂਤ-ਭਾਂਤ ਦੀਆਂ ਜਾਤੀਆਂ ਦੇ ਲੋਕਾਂ ਵੱਲੋਂ ਵਰਤੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਟ੍ਰੇਡ ਜਾਂਚ ਪੇਪਰ</u>

- ਉਹਨਾਂ ਟ੍ਰੇਡਾਂ ਦੇ ਲਈ ਤਿੰਨ ਭਾਸ਼ਾਵਾਂ (ਯਾਨੀ ਨੇਪਾਲੀ, ਹਿੰਦੀ ਅਤੇ ਉਰਦੂ) ਵਿੱਚ ਟ੍ਰੇਡ ਜਾਂਚ ਪੇਪਰ ਪ੍ਰਦਾਨ ਕਰਨ ਲਈ ਪਾਇਲਟ ਸਕੀਮ ਲਾਂਚ ਕਰੋ ਜੋ ਭਾਂਤ-ਭਾਂਤ ਦੀਆਂ ਜਾਤੀਆਂ ਦੇ ਲੋਕਾਂ ਵਿੱਚ ਵੱਧ ਮਸ਼ਹੂਰ ਹੈ। CIC ਇਹਨਾਂ ਤਿੰਨ ਭਾਸ਼ਾਵਾਂ ਵਿੱਚ ਹੋਰ ਜਾਂਚ ਪੇਪਰਾਂ ਦਾ ਅਨੁਵਾਦ ਕਰਨ 'ਤੇ ਵਿਚਾਰ ਕਰੇਗਾ।

<u>ਨਿਰਮਾਣ ਵਿੱਚ ਜਾਤੀ ਅਲਪਸੰਖਿਇਕੋਂ ਉੱਤੇ ਉਪ - ਕਮੇਟੀ</u>

- CIC ਨੇ ਨਸਲੀ ਘੱਟਗਿਣਤੀਆਂ ਵਿੱਚ ਨਿਰਮਾਣ ਉਦਯੋਗ ਨੂੰ ਉਤਸ਼ਾਹਤ ਕਰਨ ਅਤੇ CIC ਸੇਵਾਵਾਂ ਦਾ ਨਿਰੰਤਰ ਵਿਸਤਾਰ ਕਰਨ ਲਈ ਨਿਰਮਾਣ ਵਿੱਚ ਵੱਖ-ਵੱਖ ਜਾਤਾਂ ਦੇ ਲੋਕਾਂ 'ਤੇ ਇੱਕ

ਸਬ-ਕਮੇਟੀਆਂ ਦਾ ਗਠਨ ਕੀਤਾ ਹੈ।

ਨਸਲੀ ਬਰਾਬਰੀ ਨੂੰ ਹੱਲਾ-ਸ਼ੇਰੀ ਦੇਣ ਦੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਨਾਲ ਸੰਬੰਧਤ ਪੁੱਛ-ਗਿੱਛ ਦੇ ਲਈ, ਕਿਰਪਾ ਕਰਕੇ ਦਫਤਰ-ਇੰਚਾਰਜ ਨਾਲ ਸੰਪਰਕ ਕਰੋ:


| | | |
|---|---|---|
| ਟੈਲੀਫੋਨ ਸੰਖਿਆ | : | (852) 2100 9000 |
| ਸੰਪਰਕ | : | ਜਾਤੀ ਅਲਪ ਸੰਖਿਅਕ ਸੇਵਾ ਦਲ<br>Ms. Alanna Tsui |
| ਫੈਕਸ ਸੰਖਿਆ | : | (852) 2100 9249 |
| ਈਮੇਲ | : | emservice@cic.hk |
| ਡਾਕ ਪਤਾ | : | 38/F, COS Centre, 56 Tsun Yip Street, Kwun Tong, Kowloon, Hong Kong. |


**ਨਿਰਮਾਣ ਉਦਯੋਗ ਪਰਿਸ਼ਦ**
**ਮਈ 2023**